BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਵਿੱਚ ਨੈਸ਼ਨਲ ਇੰਡੀਜੀਨਸ ਪੀਪਲਸ ਡੇ ਮਨਾਇਆ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (9 ਜੂਨ, 2022) – ਸਿਟੀ ਆਫ ਬ੍ਰੈਂਪਟਨ, ਤੁਹਾਨੂੰ 22 ਜੂਨ ਨੂੰ ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ, ਕੇਨ ਵ੍ਹਿਲੈਨਸ ਸਕਵੇਅਰ (Ken Whillans Square) ਵਿੱਚ, ਨੈਸ਼ਨਲ ਇੰਡੀਜੀਨਸ ਪੀਪਲਸ ਡੇ (National Indigenous Peoples Day) ਮਨਾਉਣ ਲਈ ਸੱਦਾ ਦੇ ਰਹੀ ਹੈ। ਇਤਿਹਾਸ, ਸੱਭਿਆਚਾਰ ਅਤੇ ਬ੍ਰੈਂਪਟਨ ਦੇ ਵੰਨ-ਸੁਵੰਨੇ ਮੋਜੈਕ ਦਾ ਜਸ਼ਨ ਮਨਾਓ, ਜਿਸ ਵਿੱਚ ਇੰਡੀਜੀਨਸ ਲੋਕਾਂ ਦੀ ਮਾਲਕੀ ਵਾਲੀ ਵਿਕਰੇਤਾ ਮਾਰਕੀਟ, ਸਨਸੈੱਟ ਜਸ਼ਨ, ਬੋਰਨ ਇਨ ਦ ਨੌਰਥ ਲਿਮਿਟੇਡ (Born in the North Ltd.) ਵੱਲੋਂ ਬਿਗ ਡ੍ਰਮ (Big Drum) ਆਰਟ ਇੰਸਟਾਲੇਸ਼ਨ ਅਤੇ ਲਾਈਵ ਪਰਫੌਰਮੈਂਸੇਜ ਹੋਣਗੀਆਂ।

21 ਜੂਨ ਨੂੰ, ਕੈਨੇਡਾ, ਫਸਟ ਨੇਸ਼ਨਸ (First Nations), ਇਨਉਟ (Inuit) ਅਤੇ ਮੇਟਿਸ (Métis) ਲੋਕਾਂ ਦੇ ਇਤਿਹਾਸ, ਵਿਰਸੇ ਅਤੇ ਵੰਨ-ਸੁਵੰਨਤਾ ਨੂੰ ਸਨਮਾਨਿਤ ਕਰਨ ਲਈ, ਨੈਸ਼ਨਲ ਇੰਡੀਜੀਨਸ ਪੀਪਲਸ ਡੇ ਮਨਾਵੇਗਾ।

**ਇੰਡੀਜੀਨਸ ਲੋਕਾਂ ਦੀ ਮਾਲਕੀ ਵਾਲੀ ਵਿਕਰੇਤਾ ਮਾਰਕੀਟ**

22 ਜੂਨ ਨੂੰ ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ, ਇਸ ਵਿਅਕਤੀਗਤ ਮਾਰਕੀਟ ਵਿਖੇ, ਲੋਕਲ, ਇੰਡੀਜੀਨਸ ਮਾਲਕੀ ਵਾਲੇ ਸ਼ਿਲਪਕਾਰਾਂ ਦੀ ਹਿਮਾਇਤ ਕਰੋ। ਇਸ ਮਾਰਕੀਟ ਵਿੱਚ ਮਣਕੇਦਾਰ ਅਤੇ ਕ੍ਰਿਸਟਲ ਜਵੈਲਰੀ, ਪੋਇਟਰੀ, ਕੱਪੜੇ, ਐਕਸੈਸਰੀਜ, ਆਰਟਵਰਕ ਆਦਿ ਹੋਵੇਗਾ। ਵਿਕਰੇਤਾਵਾਂ ਦੀ ਪੂਰੀ ਸੂਚੀ, brampton.ca/NIPD ਤੇ ਦੇਖੋ।

**ਸਨਸੈਟ ਜਸ਼ਨ**

ਸ਼ਾਮ 6 ਵਜੇ ਤੋਂ ਰਾਤ 8 ਵਜੇ ਤੱਕ, ਛਿਪਵਾ ਟ੍ਰੈਵਲਰਸ (Chippewa Travellers) ਅਤੇ ਡਿਆਨ ਐਂਡ ਜੌਨ ਹਪਫੀਲਡ (Deanne & John Hupfield) ਵੱਲੋਂ ਫਾਇਰਸਾਈਡ ਚੈਟ, ਲਾਈਵ ਪਰਫੌਰਮੈਂਸ ਵਿੱਚ ਹਿੱਸਾ ਲਵੋ ਅਤੇ ਬੋਰਨ ਇਨ ਦ ਨੌਰਥ ਲਿਮਿਟੇਡ ਵੱਲੋਂ *ਬਿਗ* ਡ੍ਰਮ ਨਾਮਕ ਇੱਕ ਆਰਟ ਇੰਸਟਾਲੇਸ਼ਨ ਦਾ ਪਰਦਾ ਚੁੱਕਦੇ ਹੋਏ ਦੇਖੋ।

**ਬਿਗ ਡ੍ਰਮ ਆਰਟ ਇੰਸਟਾਲੇਸ਼ਨ**

ਬੋਰਨ ਇਨ ਦ ਨੌਰਥ ਲਿਮਿਟੇਡ (Born in the North Ltd) ਵੱਲੋਂ ਤਿਆਰ ਕੀਤੀ ਗਈ, 10-ਫੁੱਟ ਦੀ ਬਿਗ ਡ੍ਰਮ ਇੰਸਟਾਲੇਸ਼ਨ, ਮਦਰ ਅਰਥ ਅਤੇ ਦੇਸ਼ ਦੀ ਧੜਕਣ ਨੂੰ ਪ੍ਰਦਰਸ਼ਿਤ ਕਰਦੀ ਹੈ, ਜੋ ਜਸ਼ਨ ਵਿੱਚ ਇਕੱਠੇ ਹੋਣ ਦਾ ਪ੍ਰਤੀਕ ਹੈ। ਟਰਟਲ ਆਈਲੈਂਡ (Turtle Island) ਦੇ ਕਈ ਇੰਡੀਜੀਨਸ ਸੱਭਿਆਚਾਰ, ਜਸ਼ਨ ਵਿੱਚ ਡ੍ਰਮਾਂ ਦੀ ਵਰਤੋਂ ਵਿੱਚ ਹਿੱਸੇਦਾਰੀ ਨਿਭਾਉਂਦੇ ਹਨ। ਬਿਗ ਡ੍ਰਮ ਆਰਟ ਇੰਸਟਾਲੇਸ਼ਨ ਦਾ ਵਿਜਨ, ਇੰਡੀਜੀਨਸ ਪ੍ਰਾਈਡ ਅਤੇ ਜਸ਼ਨ ਦੇ ਬੇਹੱਦ ਵੱਡੇ ਪ੍ਰਤੀਕ ਵਜੋਂ ਡਿਸਪਲੇ ਕਰਨ ਵਾਸਤੇ, ਇਹ ਡ੍ਰਮ ਬਣਾਉਣਾ ਸੀ। ਅਕਸਰ ਡ੍ਰਮ ਦੀ ਸਾਊਂਡ, ਉਹ ਪਹਿਲੀ ਚੀਜ਼ ਹੁੰਦੀ ਹੈ, ਜਿਸ ਉੱਤੇ ਸੱਭਿਆਚਾਰਕ ਇਕੱਠਾਂ ਵਿੱਚ ਧਿਆਨ ਜਾਂਦਾ ਹੈ ਅਤੇ ਬੋਰਨ ਇਨ ਦ ਨੌਰਥ ਲਿਮਿਟੇਡ, ਇਸ ਕਲਾਕ੍ਰਿਤੀ ਵਿੱਚ ਉਸ ਭਾਵਨਾ ਦੀ ਤਾਕਤ ਨੂੰ ਕੈਪਚਰ ਕਰਨਾ ਚਾਹੁੰਦੀ ਸੀ।

ਬੋਰਨ ਇਨ ਦ ਨੌਰਥ ਲਿਮਿਟੇਡ ਇੱਕ ਰਚਨਾਤਮਕ ਸਟੂਡਿਓ ਹੈ, ਜਿਸਦੇ ਮਾਲਕ ਜੁੜਵਾਂ ਭਰਾ ਕ੍ਰਿਸ (Chris) ਅਤੇ ਗ੍ਰੇਗ ਮਿਸ਼ੇਲ (Greg Mitchell) ਹਨ ਅਤੇ ਉਹਨਾਂ ਵੱਲੋਂ ਹੀ ਇਸਨੂੰ ਚਲਾਇਆ ਜਾਂਦਾ ਹੈ। ਉਹਨਾਂ ਦੀ ਰਚਨਾ, ਉਹਨਾਂ ਦੇ ਬੇਜੋੜ ਦ੍ਰਿਸ਼ਟੀਕੋਣ ਨਾਲ ਤਿਆਰ ਕੀਤੀ ਗਈ ਹੈ ਅਤੇ ਇਹ ਮਨੁੱਖਾਂ ਅਤੇ

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

ਕੁਦਰਤ ਵਿਚਕਾਰਲੇ ਰਿਸ਼ਤੇ ਦੀ ਜਾਂਚ-ਪੜਤਾਲ ਕਰਨ ਤੇ ਕੇਂਦਰਿਤ ਹੈ। ਉਹਨਾਂ ਦੀ ਖੁਦ ਦੀ ਕਹਾਣੀ ਅਤੇ ਜੀਵਨ ਦੇ ਅਨੁਭਵਾਂ ਤੇ ਵਿਚਾਰ ਕਰਦੇ ਹੋਏ, ਪ੍ਰੇਰਣਾ, ਉਹਨਾਂ ਦੇ ਮਿ'ਕਮੈਕ (Mi'kmaq) ਵਿਰਸੇ, ਸੰਗੀਤ ਦੀ ਪੜਚੋਲ ਅਤੇ ਕੈਨੇਡਿਅਨ ਪਰਵਰਿਸ਼ ਤੋਂ ਮਿਲੀ ਹੈ।

ਸਿਟੀ ਆਫ ਬ੍ਰੈਂਪਟਨ ਦੇ ਨੈਸ਼ਨਲ ਇੰਡੀਜੀਨਸ ਪੀਪਲਸ ਡੇ ਦੇ ਜਸ਼ਨ ਬਾਰੇ ਹੋਰ ਜਾਣਕਾਰੀ ਲਈ, brampton.ca/NIPD ਤੇ ਜਾਓ।

**ਹਵਾਲੇ**

"22 ਜੂਨ ਨੂੰ, ਕੇਨ ਵ੍ਹਿਲੈਨਸ ਸਕਵੇਅਰ ਵਿੱਚ, ਸਾਡੇ ਨੈਸ਼ਨਲ ਇੰਡੀਜੀਨਸ ਪੀਪਲਸ ਡੇ ਦੇ ਕਾਰਜਕਰਮ ਵਿੱਚ ਸਾਡੇ ਨਾਲ ਜੁੜੋ ਅਤੇ ਫਸਟ ਨੇਸ਼ਨਸ, ਇਨਉਟ ਅਤੇ ਮੇਟਿਸ ਕਮਿਉਨਿਟੀਜ ਦੇ ਸੰਪੰਨ ਅਤੇ ਵੰਨ-ਸੁਵੰਨੇ ਸੱਭਿਆਚਾਰਾਂ, ਅਵਾਜਾਂ ਅਤੇ ਅਨੁਭਾਵਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ ਅਤੇ ਜਸ਼ਨ ਮਨਾਓ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਮੈਂ ਸਾਡੀ ਵੰਨ-ਸੁਵੰਨੀ ਕਮਿਉਨਿਟੀ ਦਾ ਜਸ਼ਨ ਮਨਾਉਣ ਲਈ ਹਰੇਕ ਮੌਕੇ ਦਾ ਸੁਆਗਤ ਕਰਦਾ ਹਾਂ। ਇਸ ਨੈਸ਼ਨਲ ਇੰਡੀਜੀਨਸ ਪੀਪਲਸ ਡੇ ਦੇ ਮੌਕੇ ਤੇ, ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਫਸਟ ਨੇਸ਼ਨਸ, ਇਨਉਟ ਅਤੇ ਮੇਟਿਸ ਕਮਿਉਨਿਟੀਜ ਅਤੇ ਇਸ ਧਰਤੀ ਦੇ ਇਤਿਹਾਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।"

- *ਹਰਕੀਰਤ ਸਿੰਘ* (Harkirat Singh), *ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੇ ਲੋਕ, ਵਿਰਸੇ ਅਤੇ ਸੱਭਿਆਚਾਰ ਦੀ ਵੰਨ-ਸੁਵੰਨੀ ਕਮਿਉਨਿਟੀ ਹੀ ਇਸ ਸ਼ਹਿਰ ਨੂੰ ਇੰਨਾ ਖਾਸ ਬਣਾਉਂਦੀ ਹੈ। ਸਾਡੇ 22 ਜੂਨ ਦੇ ਕਾਰਜਕਰਮ ਵਿੱਚ, ਸਾਡੀ ਵੰਨ-ਸੁਵੰਨਤਾ ਅਤੇ ਇੰਡੀਜੀਨਸ ਕਮਿਉਨਿਟੀਜ ਦੇ ਯੋਗਦਾਨਾਂ ਦਾ ਜਸ਼ਨ ਮਨਾਉਣ ਵਿੱਚ ਸਿਟੀ ਆਫ ਬ੍ਰੈਂਪਟਨ ਨਾਲ ਜੁੜੋ ਅਤੇ ਲੋਕਲ ਇੰਡੀਜੀਨਸ ਲੋਕਾਂ ਦੀ ਮਾਲਕੀ ਵਾਲੇ ਕਾਰੋਬਾਰਾਂ ਦੀ ਹਿਮਾਇਤ ਕਰੋ।"

- *ਪਾੱਲ ਮੋਰਿਸਨ* (Paul Morrison), *ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca